# ਫਾਰਮ ’ਤੇ
# ਖਾਣਿਆਂ ਦੀ ਸੁਰੱਖਿਆ
# ਦੇ ਚੰਗੇ ਅਮਲ









## ਸਫਾਈ ਦੇ ਚੰਗੇ ਅਮਲ

- ਹੱਥਾਂ/ਗੁੱਟਾਂ ਉੱਪਰਲੇ ਸਾਰੇ ਜ਼ਖਮਾਂ ਨੂੰ ਪੱਟੀਆਂ ਅਤੇ ਪਾਣੀ ਅੰਦਰ ਨਾ ਜਾਣ ਦੇਣ ਵਾਲੇ ਗਲੱਵਾਂ ਨਾਲ ਢਕੋ
- ਖਾਣਿਆਂ ਦੀਆਂ ਵਸਤਾਂ ਨੂੰ ਹੱਥ ਲਾਉਣ ਵੇਲੇ ਕੁਝ ਵੀ ਨਾ ਖਾਉ, ਨਾ ਪੀਉ, ਸਿਗਰਟ ਨਾ ਪੀਉ ਜਾਂ ਗੱਮਾਂ ਨਾ ਚਿੱਥੋ
- ਜੇ ਬੀਮਾਰ ਹੋਵੋ ਤਾਂ ਸੁਪਰਵਾਈਜ਼ਰ ਨੂੰ ਦੱਸੋ (ਜਿਵੇਂ ਉਲਟੀਆਂ ਆਉਣਾ, ਟੱਟੀਆਂ ਲੱਗਣਾ)
- ਟੌਆਇਲਿਟਾਂ ਦੀ ਵਰਤੋਂ ਕਰੋ
- ਆਪਣੇ ਹੱਥ ਅਕਸਰ ਧੋਵੋ:
  - ਕੰਮ ਸ਼ੁਰੂ ਕਰਨ ਤੋਂ ਪਹਿਲਾਂ
  - ਟੌਆਇਲਿਟ ਜਾਣ ਤੋਂ ਬਾਅਦ
  - ਬਰੇਕ ਤੋਂ ਪਹਿਲਾਂ ਅਤੇ ਬਾਅਦ
  - ਗਾਰਬੇਜ ਨੂੰ ਹੱਥ ਲਾਉਣ ਤੋਂ ਬਾਅਦ
  - ਗਲੱਵ ਪਾਉਣ ਤੋਂ ਪਹਿਲਾਂ ਅਤੇ ਬਾਅਦ
  - ਛਿੱਕ ਮਾਰਨ ਜਾਂ ਖੰਘਣ ਤੋਂ ਬਾਅਦ
  - ਸਿਗਰਟ ਪੀਣ ਤੋਂ ਬਾਅਦ
  - ਮੱਛਰਾਂ ਨੂੰ ਭਜਾਉਣ ਵਾਲੀ ਦਵਾਈ ਜਾਂ ਸਨਸਕਰੀਨ ਲਾਉਣ ਤੋਂ ਬਾਅਦ
  - ਜਾਂ ਕਿਸੇ ਵੀ ਉਸ ਵੇਲੇ ਜਦੋਂ ਤੁਹਾਡੇ ਹੱਥ ਗੰਦੇ ਹੋਏ ਹੋਣ


















## ਚੰਗੇ ਅਮਲ

- ਕੰਮ ਕਰਨ ਦੌਰਾਨ ਗਹਿਣੇ ਨਾ ਪਾਉ
- ਗਾਰਬੇਜ ਢੁਕਵੇਂ ਢੋਲਾਂ ਵਿਚ ਪਾਉ
- ਕੀੜਿਆਂ ਨੂੰ ਕੰਟਰੋਲ ਕਰੋ
- ਜੰਗਲੀ ਜਾਨਵਰਾਂ ਅਤੇ ਘਰੇਲੂ ਜਾਨਵਰਾਂ ਨੂੰ ਦੂਰ ਰੱਖੋ
- ਸਾਜ਼-ਸਮਾਨ ਦੀ ਮਿੱਥੇ ਸਮਿਆਂ ’ਤੇ ਸਫਾਈ ਅਤੇ ਪੜਤਾਲ ਕਰੋ
- ਕੈਮੀਕਲਾਂ ਨੂੰ ਸੁਰੱਖਿਅਤ ਅਤੇ ਸਹੀ ਤਰ੍ਹਾਂ ਸਟੋਰ ਕਰੋ
- ਕੈਮੀਕਲਾਂ ਦੀ ਵਰਤੋਂ ਲੇਬਲ ’ਤੇ ਲੱਗੀਆਂ ਹਿਦਾਇਤਾਂ ਮੁਤਾਬਕ ਕਰੋ

Canada

ਐਗਰੀਕਲਚਰਲ ਪਾਲਸੀ ਫਰੇਮਵਰਕ ਅਧੀਨ ਕੁਝ ਫੰਡ ਮਿਲੇ:
ਇਕ ਫੈਡਰਲ-ਸੂਬਾਈ-ਟੈਰੀਟੋਰੀਅਲ ਉੱਦਮ

BRITISH COLUMBIA
The Best Place on Earth